# 12

# ਪਤੀ/ਪਤਨੀ ਲਈ ਸਹਾਇਤਾ

PJB 012

## ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪਤੀ/ਪਤਨੀ ਲਈ ਸਹਾਇਤਾ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

## ਪਤੀ/ਪਤਨੀ ਲਈ ਸਹਾਇਤਾ ਕੀ ਹੁੰਦੀ ਹੈ?

ਪਤੀ/ਪਤਨੀ ਲਈ ਸਹਾਇਤਾ (spousal support) ਉਹ ਧਨ ਹੁੰਦਾ ਹੈ ਜੋ ਇੱਕ ਪਤੀ/ਪਤਨੀ ਦੂਸਰੇ ਨੂੰ ਦਿੰਦਾ ਹੈ ਜਦੋਂ ਉਨ੍ਹਾਂ ਦਾ ਰਿਸ਼ਤਾ ਖ਼ਤਮ ਹੋ ਜਾਂਦਾ ਹੈ। ਪਤੀ/ਪਤਨੀ ਲਈ ਸਹਾਇਤਾ ਦਾ ਉਦੇਸ਼ ਗਰੀਬ ਪਤੀ/ਪਤਨੀ ਸਾਥੀ ਦੀ ਮਦਦ ਕਰਨਾ ਹੁੰਦਾ ਹੈ। ਜਿਹੜਾ ਵਿਅਕਤੀ ਸਹਾਇਤਾ ਰਾਸ਼ੀ ਦਿੰਦਾ ਹੈ, ਉਸ ਨੂੰ **ਭੁਗਤਾਨਕਰਤਾ (payor)** ਕਹਿੰਦੇ ਹਨ। ਜਿਸ ਵਿਅਕਤੀ ਨੂੰ ਸਹਾਇਤਾ ਰਾਸ਼ੀ ਮਿਲਦੀ ਹੈ, ਉਸ ਨੂੰ **ਨਿਰਭਰ (dependent)** ਪਤੀ/ਪਤਨੀ ਕਹਿੰਦੇ ਹਨ।

ਪਤੀ/ਪਤਨੀ ਲਈ ਸਹਾਇਤਾ ਇੱਕ-ਮੁਸ਼ਤ ਰਕਮ ਜਾਂ ਇੱਕ ਨਿਯਮਿਤ ਭੁਗਤਾਨ ਦੇ ਰੂਪ ਵਿੱਚ ਹੋ ਸਕਦੀ ਹੈ ਜਿਵੇਂ ਕਿ ਮਹੀਨੇ ਵਿੱਚ ਇੱਕ ਵਾਰੀ। ਸਹਾਇਤਾ ਰਾਸ਼ੀ ਕਿਸੇ ਨਿਸ਼ਚਿਤ ਮਿਆਦ ਲਈ ਹੋ ਸਕਦੀ ਹੈ ਜਾਂ ਫਿਰ ਹੋ ਸਕਦਾ ਹੈ ਕਿ ਇਸ ਦੀ ਕੋਈ ਸਮਾਪਤੀ ਦੀ ਮਿਤੀ ਨਾ ਹੋਵੇ।

ਪਤੀ/ਪਤਨੀ ਲਈ ਸਹਾਇਤਾ ਤੁਹਾਡੇ ਟੈਕਸਾਂ 'ਤੇ ਅਸਰ ਪਾਉਂਦੀ ਹੈ। ਜੇ ਤੁਸੀਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦਿੰਦੇ ਹੋ ਤਾਂ ਤੁਸੀਂ ਸਹਾਇਤਾ ਰਾਸ਼ੀ ਦਾ ਇਸਤੇਮਾਲ ਟੈਕਸ ਵਿੱਚੋਂ ਛੋਟ ਵੱਜੋਂ ਕਰ ਸਕਦੇ ਹੋ। ਜੇ ਤੁਹਾਨੂੰ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਮਿਲਦੀ ਹੈ ਤਾਂ ਤੁਹਾਨੂੰ ਮਿਲਣ ਵਾਲੇ ਧਨ ਨੂੰ ਟੈਕਸਯੋਗ ਆਮਦਨ ਵੱਜੋਂ ਦਿਖਾਉਣਾ ਪੈਂਦਾ ਹੈ।

ਜਦੋਂ ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਵੱਖ ਹੁੰਦੇ ਹੋ, ਤਾਂ ਤੁਸੀਂ ਸਹਾਇਤਾ ਰਾਸ਼ੀ ਬਾਰੇ ਆਪਣੇ ਖੁਦ ਦੇ ਪ੍ਰਬੰਧ ਕਰ ਸਕਦੇ ਹੋ। ਇਸ ਸਮਝੌਤੇ ਨੂੰ ਲਿਖਣ ਲਈ ਤੁਹਾਨੂੰ ਵਕੀਲਾਂ ਦੀ ਲੋੜ ਨਹੀਂ ਹੁੰਦੀ। ਜੇ ਤੁਸੀਂ ਸਹਿਮਤ ਨਹੀਂ ਹੋ ਸਕਦੇ, ਜਾਂ ਜੇ ਸਮਝੌਤਾ ਟੁੱਟ ਜਾਂਦਾ ਹੈ, ਤਾਂ ਤੁਸੀਂ ਅਦਾਲਤ ਨੂੰ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦਾ ਹੁਕਮ ਦੇਣ ਲਈ ਬੇਨਤੀ ਕਰ ਸਕਦੇ ਹੋ।

ਜੇ ਤੁਹਾਡੇ ਪਰਿਵਾਰ ਕੋਲ ਬਹੁਤ ਸਾਰਾ ਧਨ ਨਹੀਂ ਹੈ ਤਾਂ ਪਤੀ/ਪਤਨੀ ਲਈ ਸਹਾਇਤਾ ਵਾਸਤੇ ਹੁਕਮ ਪ੍ਰਾਪਤ ਕਰਨਾ ਮੁਸ਼ਕਲ ਹੋ ਸਕਦਾ ਹੈ। ਕਾਨੂੰਨ ਮੰਗ ਕਰਦਾ ਹੈ ਕਿ ਬਾਲ ਸਹਾਇਤਾ (child support) ਲਾਜ਼ਮੀ ਤੌਰ ‘ਤੇ ਪਹਿਲਾਂ ਦਿੱਤੀ ਜਾਣੀ ਚਾਹੀਦੀ ਹੈ। ਅਦਾਲਤ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਵਾਸਤੇ ਤੁਹਾਡੀ ਬੇਨਤੀ ‘ਤੇ ਸਿਰਫ ਤਾਂ ਹੀ ਵਿਚਾਰ ਕਰੇਗੀ ਜੇ ਤੁਹਾਡੇ ਪਤੀ/ਪਤਨੀ ਕੋਲ ਬਾਲ ਸਹਾਇਤਾ ਦੇਣ ਤੋਂ ਬਾਅਦ ਕਾਫੀ ਧਨ ਬਚਦਾ ਹੋਵੇ।

## ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦੀ ਮੰਗ ਕੌਣ ਕਰ ਸਕਦਾ ਹੈ?

ਤੁਸੀਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦੀ ਮੰਗ ਕਰ ਸਕਦੇ ਹੋ ਜੇ ਤੁਸੀਂ ਆਪਣੇ ਸਾਥੀ ਨਾਲ ਵਿਆਹੇ ਹੋਏ ਸੀ। ਤੁਸੀਂ ਤਾਂ ਵੀ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦੀ ਮੰਗ ਕਰ ਸਕਦੇ ਹੋ ਜੇ ਤੁਸੀਂ ਅਤੇ ਤੁਹਾਡਾ ਸਾਥੀ ਬਿਨਾਂ ਵਿਆਹ ਕਰਵਾਏ ਇਕੱਠੇ ਰਹਿੰਦੇ ਸੀ, ਅਤੇ ਤੁਸੀਂ ਕਾਨੂੰਨ ਤਹਿਤ ਕਾਮਨ-ਲਾਅ ਪਤੀ/ਪਤਨੀ ਦੀ ਪਰਿਭਾਸ਼ਾ ਨੂੰ ਪੂਰਾ ਕਰਦੇ ਹੋ।

ਹੇਠਾਂ ਦੱਸਿਆ ਗਿਆ ਹੈ ਕਿ *ਫੈਮਿਲੀ ਲਾਅ ਐਕਟ (Family Law Act)* ਕਿਸੇ ਕਾਮਨ-ਲਾਅ ਪਤੀ/ਪਤਨੀ ਨੂੰ ਕਿਵੇਂ ਪਰਿਭਾਸ਼ਿਤ ਕਰਦਾ ਹੈ:

- ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਘੱਟੋ-ਘੱਟ ਤਿੰਨ ਸਾਲ ਤਕ ਇਕੱਠੇ ਰਹੇ ਹੋ, ਜਾਂ
- ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਇੱਕ ਸਥਿਰ ਰਿਸ਼ਤੇ ਵਿੱਚ ਸੀ ਅਤੇ ਤੁਹਾਡਾ ਕੋਈ ਬੱਚਾ ਹੈ ਜਾਂ ਤੁਸੀਂ ਕੋਈ ਬੱਚਾ ਗੋਦ ਲਿਆ ਹੈ
- ਤੁਹਾਡਾ ਪਤੀ/ਪਤਨੀ ਕੋਈ ਪੁਰਸ਼ ਜਾਂ ਕੋਈ ਔਰਤ ਹੋ ਸਕਦਾ ਹੈ।

## ਅਦਾਲਤਾਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਬਾਰੇ ਫੈਸਲਾ ਕਿਉਂ ਦਿੰਦੀਆਂ ਹਨ?

ਰਿਸ਼ਤਾ ਖ਼ਤਮ ਹੋਣ 'ਤੇ ਤੁਹਾਡੇ ਵਿੱਚੋਂ ਇੱਕ ਦੀ ਆਰਥਿਕ ਹਾਲਤ ਦੂਸਰੇ ਨਾਲੋਂ ਬਿਹਤਰ ਹੋ ਸਕਦੀ ਹੈ। ਹੋ ਸਕਦਾ ਹੈ ਇਹ ਵਿਆਹ ਦੌਰਾਨ ਤੁਹਾਡੇ ਦੁਆਰਾ ਜ਼ੁੰਮੇਵਾਰੀਆਂ ਨੂੰ ਵੰਡੇ ਜਾਣ ਦੇ ਤਰੀਕੇ ਕਾਰਨ ਹੋਇਆ ਹੋਵੇ। ਉਦਾਹਰਣ ਵੱਜੋਂ, ਜੇ ਤੁਸੀਂ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਲਈ ਘਰ ਵਿੱਚ ਰਹਿੰਦੇ ਸੀ, ਤਾਂ ਹੋ ਸਕਦਾ ਹੈ ਤੁਸੀਂ ਆਪਣੇ ਪਤੀ/ਪਤਨੀ ਜਿੰਨਾ ਧਨ ਨਾ ਕਮਾਇਆ ਹੋਵੇ। ਤੁਸੀਂ ਕੋਈ ਘੱਟ ਤਨਖ਼ਾਹ ਵਾਲੀ ਨੌਕਰੀ ਕੀਤੀ ਹੋ ਸਕਦੀ ਹੈ ਤਾਂ ਜੋ ਤੁਹਾਡਾ ਪਤੀ/ਪਤਨੀ ਇੱਕ ਉਚੇਰੀ ਤਨਖ਼ਾਹ ਵਾਲੀ ਨੌਕਰੀ ਹਾਸਲ ਕਰਨ ਲਈ ਪੜ੍ਹਾਈ ਕਰ ਸਕੇ।

ਇਨ੍ਹਾਂ ਹਾਲਾਤਾਂ ਵਿੱਚ, ਅਦਾਲਤਾਂ ਇਹ ਫੈਸਲਾ ਦੇ ਸਕਦੀਆਂ ਹਨ ਕਿ ਤੁਹਾਡੇ ਪਤੀ/ਪਤਨੀ ਨੂੰ ਰਿਸ਼ਤਾ ਖ਼ਤਮ ਹੋਣ ਤੋਂ ਬਾਅਦ ਕੁਝ ਸਮੇਂ ਤਕ ਲਾਜ਼ਮੀ ਤੌਰ 'ਤੇ ਤੁਹਾਡੀ ਸਹਾਇਤਾ ਕਰਨ ਲਈ ਮਦਦ ਦੇਣੀ ਚਾਹੀਦੀ ਹੈ। ਇਸ ਦਾ ਇਹ ਅਰਥ ਨਹੀਂ ਹੁੰਦਾ ਕਿ ਤੁਹਾਨੂੰ ਆਪਣਾ ਗੁਜ਼ਾਰਾ ਚਲਾਉਣ ਲਈ ਕੋਈ ਕਦਮ ਚੁੱਕਣ ਦੀ ਲੋੜ ਨਹੀਂ ਹੁੰਦੀ। ਅਦਾਲਤਾਂ ਉਮੀਦ ਕਰਦੀਆਂ ਹਨ ਕਿ ਤੁਸੀਂ ਆਪਣੀ ਪੂਰੀ ਯੋਗਤਾ ਮੁਤਾਬਕ ਆਰਥਿਕ ਤੌਰ 'ਤੇ ਆਤਮਨਿਰਭਰ ਬਣਨ ਲਈ ਕੰਮ ਕਰੋਗੇ।

## ਅਦਾਲਤਾਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਬਾਰੇ ਫੈਸਲਾ ਕਦੋਂ ਦਿੰਦੀਆਂ ਹਨ?

ਕਾਨੂੰਨ ਵਿੱਚ ਉਹ ਗੱਲਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਬਾਰੇ ਅਦਾਲਤਾਂ ਨੂੰ ਇਸ ਗੱਲ ਦਾ ਫੈਸਲਾ ਕਰਦੇ ਸਮੇਂ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਤੁਹਾਨੂੰ ਸਹਾਇਤਾ ਰਾਸ਼ੀ ਮਿਲਣੀ ਚਾਹੀਦੀ ਹੈ। ਹੇਠ ਕੁਝ ਗੱਲਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ‘ਤੇ ਅਦਾਲਤਾਂ ਨੂੰ ਲਾਜ਼ਮੀ ਤੌਰ ‘ਤੇ ਵਿਚਾਰ ਕਰਨਾ ਚਾਹੀਦਾ ਹੈ।

- ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਕਿੰਨੀ ਦੇਰ ਤਕ ਇਕੱਠੇ ਰਹੇ ਜਾਂ ਵਿਆਹੇ ਹੋਏ ਸੀ
- ਤੁਹਾਡੇ ਵਿੱਚੋਂ ਹਰ ਇੱਕ ਨੇ ਰਿਸ਼ਤੇ ਵਿੱਚ ਕੀ ਯੋਗਦਾਨ ਪਾਇਆ
- ਕੀ ਤੁਹਾਡੇ ਕੋਲ ਸਹਾਇਤਾ ਰਾਸ਼ੀ ਬਾਰੇ ਕੋਈ ਹੁਕਮ ਜਾਂ ਸਮਝੌਤੇ ਹਨ, ਉਦਾਹਰਣ ਵਜੋਂ ਕੋਈ ਘਰੇਲੂ ਸਮਝੌਤਾ

ਤੁਹਾਡੇ ਪਤੀ/ਪਤਨੀ ਦੇ ਵਿਹਾਰ ਦਾ ਇਸ ਗੱਲ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ ਕਿ ਕੀ ਉਸ ਨੂੰ ਤੁਹਾਨੂੰ ਸਹਾਇਤਾ ਰਾਸ਼ੀ ਦੇਣੀ ਪਵੇਗੀ ਜਾਂ ਨਹੀਂ ਜਾਂ ਫਿਰ ਉਸ ਨੂੰ ਕਿੰਨੀ ਸਹਾਇਤਾ ਰਾਸ਼ੀ ਦੇਣੀ ਪਵੇਗੀ।

## ਪਤਨੀ/ਪਤਨੀ ਲਈ ਸਹਾਇਤਾ ਰਾਸ਼ੀ ਦਾ ਫੈਸਲਾ ਕਰਦੇ ਸਮੇਂ ਅਦਾਲਤਾਂ ਕਿਸ ਚੀਜ਼ 'ਤੇ ਵਿਚਾਰ ਕਰਦੀਆਂ ਹਨ?

ਹੇਠਾਂ ਕੁਝ ਗੱਲਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ 'ਤੇ ਕਾਨੂੰਨ ਦੇ ਅਨੁਸਾਰ ਅਦਾਲਤਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਜਦੋਂ ਉਹ ਇਹ ਫੈਸਲਾ ਕਰਦੀਆਂ ਹਨ ਕਿ ਤੁਹਾਡੇ ਪਤੀ/ਪਤਨੀ ਨੂੰ ਤੁਹਾਨੂੰ ਕਿੰਨੀ ਸਹਾਇਤਾ ਰਾਸ਼ੀ ਦੇਣੀ ਚਾਹੀਦੀ ਹੈ:

- ਤੁਹਾਡੇ ਵਿੱਚੋਂ ਹਰ ਇੱਕ ਕੋਲ ਕਿੰਨਾ ਧਨ ਹੈ ਅਤੇ ਕਿੰਨਾ ਕਮਾ ਸਕਦੇ ਹੋ
- ਤੁਸੀਂ ਕਿੰਨੀ ਦੇਰ ਤਕ ਵਿਆਹੇ ਜਾਂ ਇਕੱਠੇ ਰਹੇ ਹੋ
- ਤੁਹਾਡੀ ਉਮਰ ਅਤੇ ਤੁਹਾਡੀ ਸਿਹਤ
- ਤੁਸੀਂ ਆਪਣਾ ਗੁਜ਼ਾਰਾ ਕਰਨ ਲਈ ਕਿੰਨਾ ਯੋਗਦਾਨ ਪਾ ਸਕਦੇ ਹੋ
- ਕੀ ਤੁਹਾਡਾ ਪਤੀ/ਪਤਨੀ ਸਹਾਇਤਾ ਰਾਸ਼ੀ ਦੇਣ ਦੇ ਸਮਰੱਥ ਹੈ
- ਕਿੰਨੇ ਸਮੇਂ ਦੇ ਵਿੱਚ ਤੁਸੀਂ ਆਪਣੇ ਆਪ ਨੂੰ ਸਹਾਰਾ ਦੇਣ ਦੇ ਯੋਗ ਹੋ ਸਕੋਗੇ ਅਤੇ ਇਸ 'ਤੇ ਕਿੰਨਾ ਖ਼ਰਚ ਆਵੇਗਾ
- ਤੁਸੀਂ ਕਿਹੜੇ ਕੰਮ ਕੀਤੇ ਜਿਨ੍ਹਾਂ ਕਰਕੇ ਤੁਹਾਡਾ ਪਤੀ/ਪਤਨੀ ਉਹ ਕੰਮ-ਕਾਜ ਅਤੇ ਆਮਦਨੀ ਹਾਸਲ ਕਰ ਸਕਿਆ ਜੋ ਇਸ ਸਮੇਂ ਉਸ ਕੋਲ ਹੈ
- ਕੀ ਤੁਹਾਡੇ ਵਿੱਚੋਂ ਕਿਸੇ ਨੂੰ ਕਿਸੇ ਬੱਚੇ ਨਾਲ ਘਰ ਰਹਿਣ ਦੀ ਲੋੜ ਹੈ
- ਰਿਸ਼ਤੇ ਦੇ ਦੌਰਾਨ ਤੁਹਾਡੇ ਵਿੱਚੋਂ ਹਰ ਇੱਕ ਕਿਸ ਕਿਸਮ ਦੀ ਬੱਚਾ ਸੰਭਾਲ ਲਈ ਜ਼ੁੰਮੇਵਾਰ ਸੀ
- ਕੋਈ ਆਮਦਨੀ ਕਮਾਉਣ ਦੀ ਤੁਹਾਡੀ ਯੋਗਤਾ 'ਤੇ ਰਿਸ਼ਤੇ ਵਿੱਚ ਤੁਹਾਡੀਆਂ ਜ਼ੁੰਮੇਵਾਰੀਆਂ ਨੇ ਕੀ ਅਸਰ ਪਾਇਆ

ਜੇ ਤੁਸੀਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਲਈ ਅਰਜ਼ੀ ਦਿੰਦੇ ਹੋ ਤਾਂ ਤੁਹਾਨੂੰ ਆਪਣੇ ਸਾਥੀ ਦੇ ਆਰਥਿਕ ਸ੍ਰੋਤਾਂ ਬਾਰੇ ਸਚਾਈ ਜਾਣਨ ਦਾ ਹੱਕ ਹੁੰਦਾ ਹੈ। ਇਸ ਨੂੰ **ਪੂਰਾ ਵਿੱਤੀ ਖੁਲਾਸਾ (full financial disclosure)** ਕਿਹਾ ਜਾਂਦਾ ਹੈ।

## ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਕਿੰਨੀ ਹੋਵੇਗੀ?

ਪਹਿਲਾਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਬਾਰੇ ਕਾਨੂੰਨ ਬਹੁਤ ਜ਼ਿਆਦਾ ਸਪਸ਼ਟ ਨਹੀਂ ਸੀ। ਪੂਰੇ ਕੈਨੇਡਾ ਵਿੱਚ ਪਰਿਵਾਰਕ ਅਦਾਲਤਾਂ ਇਸ ਬਾਰੇ ਕਈ ਵੱਖ-ਵੱਖ ਫੈਸਲੇ ਦਿੰਦੀਆਂ ਸਨ ਕਿ ਇਸ ਦਾ ਹੁਕਮ ਕਦੋਂ ਦਿੱਤਾ ਜਾਣਾ ਚਾਹੀਦਾ ਹੈ, ਇਹ ਕਿੰਨੀ ਹੋਣੀ ਚਾਹੀਦੀ ਹੈ ਅਤੇ ਇਹ ਕਿੰਨੀ ਦੇਰ ਤਕ ਦਿੱਤੀ ਜਾਣੀ ਚਾਹੀਦੀ ਹੇ। ਕਾਨੂੰਨ ਨੂੰ ਇਕਸਾਰ ਬਣਾਉਣ ਦੀ ਕੋਸ਼ਿਸ਼ ਵਿੱਚ, ਫੈਡਰਲ ਡਿਪਾਰਟਮੈਂਟ ਆਫ ਜਸਟਿਸ ਨੇ **ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਬਾਰੇ ਸੇਧਾਂ (Spousal Support Guidelines** – SSG**)** ਤਿਆਰ ਕੀਤੀਆਂ।

SSG ਵਿੱਚ ਉਹ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਸਹਾਇਤਾ ਰਾਸ਼ੀ ਦਿੱਤੀ ਗਈ ਹੈ ਜੋ ਲੋਕਾਂ ਨੂੰ ਵੱਖ ਵੱਖ ਹਾਲਾਤਾਂ ਵਿੱਚ ਮਿਲਣੀ ਚਾਹੀਦੀ ਹੈ। ਰਾਸ਼ੀ ਕਈ ਗੱਲਾਂ 'ਤੇ ਨਿਰਭਰ ਕਰਦੀ ਹੈ ਜਿਵੇਂ ਕਿ ਤੁਸੀਂ ਕਿੰਨੀ ਦੇਰ ਤਕ ਇਕੱਠੇ ਸੀ, ਤੁਹਾਡੇ ਕਿੰਨੇ ਬੱਚੇ ਸਨ, ਤੁਹਾਡੇ ਵਿੱਚੋਂ ਹਰ ਇੱਕ ਕਿਸ ਕਿਸਮ ਦਾ ਕੰਮ ਕਰਦਾ ਸੀ ਅਤੇ ਤੁਹਾਡੇ ਵਿੱਚੋਂ ਹਰ ਕੋਈ ਕਿੰਨਾ ਕਮਾਉਂਦਾ ਸੀ। ਸੇਧਾਂ ਕਾਨੂੰਨ ਨਹੀਂ ਹਨ, ਪਰ ਜ਼ਿਆਦਾਤਰ ਵਕੀਲ ਅਤੇ ਜੱਜ ਉਨ੍ਹਾਂ ਦਾ ਇਸਤੇਮਾਲ ਇਸ ਫੈਸਲੇ ਵਿੱਚ ਮਦਦ ਲੈਣ ਲਈ ਕਰਦੇ ਹਨ ਕਿ ਕਿੰਨੀ ਸਹਾਇਤਾ ਰਾਸ਼ੀ ਜਾਇਜ਼ ਹੈ।

## ਪਤੀ/ਪਤਨੀ ਨੂੰ ਸਹਾਇਤਾ ਰਾਸ਼ੀ ਦੇਣ ਦੇ ਹੁਕਮ ਨੂੰ ਕੌਣ ਲਾਗੂ ਕਰਦਾ ਹੈ?

ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦੇ ਹੁਕਮ **ਫ਼ੈਮਿਲੀ ਰਿਸਪਾਨਸਿਬਿਲਿਟੀ ਆਫਿਸ** (**Family Responsibility Office** – FRO) ਦੁਆਰਾ ਲਾਗੂ ਕੀਤੇ ਜਾਂਦੇ ਹਨ। ਇਹ ਸੂਬਾਈ ਸਰਕਾਰ ਦਾ ਉਹੀ ਦਫਤਰ ਹੈ ਜੋ ਬਾਲ ਸਹਾਇਤਾ ਦੇ ਹੁਕਮਾਂ ਨੂੰ ਲਾਗੂ ਕਰਦਾ ਹੈ। ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਦਾ ਹਰ ਇੱਕ ਅਦਾਲਤੀ ਹੁਕਮ ਆਪਣੇ ਆਪ ਹੀ FRO ਕੋਲ ਦਾਇਰ ਹੋ ਜਾਂਦਾ ਹੈ। ਜੇ ਤੁਸੀਂ ਅਤੇ ਤੁਹਾਡੇ ਪਤੀ/ਪਤਨੀ ਨੇ ਸਹਾਇਤਾ ਰਾਸ਼ੀ ਬਾਰੇ ਕੋਈ ਸਮਝੌਤਾ ਕੀਤਾ ਹੋਵੇ, ਤਾਂ ਤੁਸੀਂ ਇਸ ਨੂੰ ਲਾਗੂ ਕਰਵਾਉਣ ਲਈ ਇਸ ਦੀ ਨਕਲ ਵੀ FRO ਕੋਲ ਦਾਇਰ ਕਰ ਸਕਦੇ ਹੋ।

## FRO ਕਿਵੇਂ ਕਾਰਵਾਈ ਕਰਦਾ ਹੈ?

ਜਦੋਂ ਸਹਾਇਤਾ ਰਾਸ਼ੀ ਦਾ ਕੋਈ ਹੁਕਮ ਦਾਇਰ ਕੀਤਾ ਜਾਂਦਾ ਹੈ, ਤਾਂ ਭੁਗਤਾਨਕਰਤਾ ਨੂੰ ਸਾਰੀਆਂ ਰਕਮਾਂ ਲਾਜ਼ਮੀ ਤੌਰ 'ਤੇ FRO ਕੋਲ ਭੇਜਣੀਆਂ ਚਾਹੀਦੀਆਂ ਹਨ। FRO ਨੂੰ ਧਨ ਪ੍ਰਾਪਤ ਹੋਣ 'ਤੇ, ਇਹ ਇਸ ਨੂੰ ਪ੍ਰਾਪਤਕਰਤਾ ਪਤੀ/ਪਤਨੀ ਨੂੰ ਭੇਜ ਦਿੰਦਾ ਹੈ।

FRO ਕੋਲ ਅਨੇਕਾਂ ਫਾਈਲਾਂ ਹੁੰਦੀਆਂ ਹਨ। ਕਿਉਂਕਿ ਇਹ ਦਫਤਰ ਬੇਹੱਦ ਰੁਝੇਵੇਂ ਭਰਿਆ ਹੁੰਦਾ ਹੈ, ਹੁਕਮ ਹੋਣ ਤੋਂ ਬਾਅਦ ਤੁਹਾਨੂੰ ਸਹਾਇਤਾ ਦਾ ਧਨ ਮਿਲਣਾ ਸ਼ੁਰੂ ਹੋਣ ਤੋਂ ਪਹਿਲਾਂ ਕਈ ਮਹੀਨਿਆਂ ਤਕ ਉਡੀਕ ਕਰਨੀ ਪੈ ਸਕਦੀ ਹੈ।

## ਕੀ ਹੁੰਦਾ ਹੈ ਜੇ ਭੁਗਤਾਨਕਰਤਾ ਅਦਾਇਗੀ ਨਹੀਂ ਕਰਦਾ?

ਕਈ ਵਾਰੀ ਭੁਗਤਾਨਕਰਤਾ ਦੇਰੀ ਨਾਲ ਭੁਗਤਾਨ ਕਰਦਾ ਹੈ ਜਾਂ ਕੋਈ ਕਿਸ਼ਤ ਨਹੀਂ ਦਿੰਦਾ। FRO ਰਾਸ਼ੀ ਲੈਣ ਲਈ ਹੇਠ ਲਿਖੇ ਕਦਮ ਚੁੱਕ ਸਕਦਾ ਹੈ:

- ਜੇ ਭੁਗਤਾਨ ਕਰਨ ਵਾਲਾ ਰੋਜ਼ਗਾਰਸ਼ੁਦਾ ਹੈ ਤਾਂ FRO ਉਸ ਦੇ ਰੋਜ਼ਗਾਰਦਾਤਾ ਨੂੰ ਉਸ ਦੀ ਤਨਖ਼ਾਹ ਵਿਚੋਂ ਸਹਾਇਤਾ ਰਾਸ਼ੀ ਲੈਣ ਦਾ ਹੁਕਮ ਦੇ ਸਕਦਾ ਹੈ।
- ਜੇ ਭੁਗਤਾਨਕਰਤਾ ਬੇਰੁਜ਼ਗਾਰ ਹੈ ਜਾਂ ਉਸ ਦਾ ਆਪਣਾ ਕੋਈ ਕੰਮ-ਕਾਰ ਹੈ ਤਾਂ FRO ਉਸ ਦੇ ਬੈਂਕ ਖਾਤੇ ਵਿੱਚੋਂ ਧਨ ਲੈਣ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਨੂੰ ਉਸ ਦੇ ਖ਼ਾਤੇ ਨੂੰ **ਕੁਰਕੀ** ਕਰਨਾ ਜਾਂ ਗਾਰਨਿਸ਼ਮੈਂਟ ਕਿਹਾ ਜਾਂਦਾ ਹੈ। FRO ਉਸ ਦੀ ਨਿੱਜੀ ਜਾਇਦਾਦ, ਜਿਵੇਂ ਕਿ ਕਾਰ ਜਾਂ ਘਰ, 'ਤੇ ਵੀ ਇਕ ਕਾਨੂੰਨੀ ਦਾਅਵਾ ਪਾ ਸਕਦਾ ਹੈ। ਜੇ ਉਹ ਇਸ ਜਾਇਦਾਦ ਨੂੰ ਵੇਚਣ ਦੀ ਕੋਸ਼ਿਸ਼ ਕਰਦਾ ਹੈ ਤਾਂ FRO ਨੂੰ ਉਹ ਧਨ ਮਿਲੇਗਾ ਜੋ ਭੁਗਤਾਨਕਰਤਾ ਨੇ ਦੇਣਾ ਹੈ।
- ਜੇ ਭੁਗਤਾਨਕਰਤਾ ਹਮੇਸ਼ਾਂ ਹੀ ਦੇਰੀ ਨਾਲ ਭੁਗਤਾਨ ਕਰਦਾ ਹੈ ਜਾਂ ਉਸ ਵਲ ਸਹਾਇਤਾ ਦੇ ਬਹੁਤ ਸਾਰੇ ਪੈਸੇ ਬਕਾਇਆ ਹਨ ਤਾਂ FRO ਉਸ ਦੇ ਗੱਡੀ ਚਲਾਉਣ ਦੇ ਲਾਇਸੰਸ ਅਤੇ ਹੋਰ ਕਿਸਮਾਂ ਦੇ ਲਾਇਸੰਸਾਂ, ਜਿਵੇਂ ਕਿ ਸ਼ਿਕਾਰ ਕਰਨ ਅਤੇ ਮੱਛੀ ਫੜਨ ਦੇ ਲਾਇਸੰਸ, ਨੂੰ ਮੁਅੱਤਲ ਕਰ ਕੇ ਉਸ ਨੂੰ ਭੁਗਤਾਨ ਕਰਲ ਲਈ ਮਜ਼ਬੂਰ ਕਰ ਸਕਦਾ ਹੈ। ਇਹ ਉਸ ਦੇ ਪਾਸਪੋਰਟ ਨੂੰ ਰੱਦ ਕਰ ਸਕਦਾ ਹੈ। ਇਹ ਉਹ ਧਨ ਵੀ ਲੈ ਸਕਦਾ ਹੈ ਜੋ ਉਸ ਨੂੰ ਸਰਕਾਰ ਵਲੋਂ ਮਿਲਣਾ ਹੋਵੇ, ਜਿਵੇਂ ਕਿ ਕੋਈ ਟੈਕਸ ਰਿਫੰਡ ਜਾਂ ਬੇਰੋਜ਼ਗਾਰੀ ਭੱਤਾ।

## ਕੀ ਹੋਵੇਗਾ ਜੇ ਭੁਗਤਾਨਕਰਤਾ ਓਂਟਾਰੀਓ ਵਿੱਚ ਨਾ ਰਹਿੰਦਾ ਹੋਵੇ?

FRO ਤੁਹਾਨੂੰ ਸਹਾਇਤਾ ਰਾਸ਼ੀ ਇਕੱਠੀ ਕਰਨ ਵਿੱਚ ਮਦਦ ਦੇ ਸਕਦਾ ਹੈ ਜੇ ਤੁਹਾਡਾ ਪਤੀ/ਪਤਨੀ ਕੈਨੇਡਾ ਜਾਂ ਸੰਯੁਕਤ ਰਾਜ ਵਿੱਚ ਕਿਸੇ ਹੋਰ ਸਥਾਨ 'ਤੇ ਰਹਿੰਦਾ ਹੈ। ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਸਾਰੇ ਹੀ ਸੂਬਿਆਂ ਅਤੇ ਰਾਜਾਂ ਨੇ ਅਜਿਹੇ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ ਜੋ FROs ਨੂੰ ਇਨ੍ਹਾਂ ਹੱਦਾਂ ਦੇ ਪਾਰ ਵੀ ਸਹਾਇਤਾ ਦੇ ਹੁਕਮ ਲਾਗੂ ਕਰਨ ਦੇ ਸਮਰਥ ਬਣਾਉਂਦੇ ਹਨ। ਓਂਟਾਰੀਓ ਦੇ ਕੁਝ ਦੂਸਰੇ ਦੇਸ਼ਾਂ ਨਾਲ ਵੀ ਸਮਝੌਤੇ ਹਨ ਜਿਨ੍ਹਾਂ ਵਿੱਚ ਬਰਮੂਡਾ, ਗ੍ਰਾਨਾ, ਹਾਂਗ ਕਾਂਗ, ਚੈੱਕ ਰਿਪਬਲਿਕ ਅਤੇ ਯੁਨਾਈਟਿਡ ਕਿੰਗਡਮ ਸ਼ਾਮਲ ਹਨ।

ਜੇ ਤੁਹਾਡਾ ਪਤੀ/ਪਤਨੀ ਕਿਸੇ ਅਜਿਹੇ ਦੇਸ਼ ਵਿੱਚ ਰਹਿੰਦਾ ਹੈ ਜਿਸ ਦਾ ਓਂਟਾਰੀਓ ਨਾਲ ਕੋਈ ਸਮਝੌਤਾ ਨਹੀਂ ਹੈ, ਤਾਂ FRO ਸਹਾਇਤਾ ਹੁਕਮ ਨੂੰ ਲਾਗੂ ਕਰਨ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦਾ। ਇੱਕੋ-ਇੱਕ ਢੰਗ ਜਿਸ ਨਾਲ ਤੁਸੀਂ ਸਹਾਇਤਾ ਇਕੱਠੀ ਕਰ ਸਕਦੇ ਹੋ, ਉਹ ਹੈ ਉਸ ਦੇਸ਼ ਦੇ ਕਾਨੂੰਨ ਦਾ ਇਸਤੇਮਾਲ ਕੀਤਾ ਜਾਵੇ ਜਿੱਥੇ ਭੁਗਤਾਨਕਰਤਾ ਰਹਿੰਦਾ ਹੋਵੇ।

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. **ਪਤੀ/ਪਤਨੀ ਲਈ ਸਹਾਇਤਾ (PJB 012)**

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*


flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।